
# ਸੁਰਜੀਤ ਦੀ ਕੋਰੋਨਾ-ਮੁਕਤ ਦੁਕਾਨ

IndSciCovid
**by Indian Scientists Response to Covid**
https://indscicov.in/



ਦੁਕਾਨ ਅੱਜ ਦੁਬਾਰਾ ਖੁੱਲੀ ਹੈ, ਇਸ ਲਈ ਸੁਰਜੀਤ ਅੱਜ ਬਹੁਤ ਖੁਸ਼ ਹੈ। ਉਹ ਕਰਿਆਨੇ ਦੀ ਦੁਕਾਨ ਚਲਾਉਂਦਾ ਹੈ, ਅਤੇ ਉਹ ਪਿਛਲੇ 10 ਦਿਨਾਂ ਤੋਂ ਬੰਦ ਸੀ। "ਸਿਰਫ 10 ਦਿਨ? ਇਵੇਂ ਲੱਗ ਰਿਹਾ ਜਿਵੇਂ ਸਾਲ ਬੀਤ ਗਏ ਹੋਣ! " ਉਸਨੇ ਸੋਚਿਆ। ਜਦੋਂ ਤਾਲਾਬੰਦੀ ਸ਼ੁਰੂ ਹੋਈ ਤਾਂ ਉਸ ਨੂੰ ਦੱਸਿਆ ਗਿਆ ਸੀ ਕਿ ਕਰਿਆਨੇ ਜ਼ਰੂਰੀ ਸਨ ਅਤੇ ਉਹ ਦੁਕਾਨ ਖੁੱਲੀ ਰੱਖ ਸਕਦਾ ਹੈ। ਪਰ ਜਦੋਂ ਉਸਨੇ ਪਹਿਲੇ ਦਿਨ ਇੱਕ ਪੁਲਿਸ ਮੁਲਾਜ਼ਮ ਨੂੰ ਸਮਝਾਉਣ ਕੋਸ਼ਿਸ਼ ਕੀਤੀ, ਉਸਨੂੰ ਬਹੁਤ ਮੁਸ਼ਕਿਲ ਆਈ ਅਤੇ ਉਸਨੇ ਹਾਰ ਮੰਨ ਲਈ। ਉਸ ਦੀ ਦੁਕਾਨ ਤਕ ਪਹੁੰਚਣਾ ਵੀ ਸੌਖਾ ਨਹੀਂ ਹੈ; ਉਹ ਆਪਣੇ ਸਕੂਟਰ 'ਤੇ ਜਾਣ ਦਾ ਆਦੀ ਹੈ, ਪਰ ਪੁਲਿਸ ਵਾਲੇ ਸਾਰੇ ਦੋ ਪਹੀਆ ਵਾਹਨਾਂ ਚੈੱਕ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਫੜ ਰਹੇ ਹਨ।

ਉਹ ਗੁਰਪਾਲ ਅਤੇ ਅਮਨ ਨਾਲ ਗੱਲ ਕਰ ਰਿਹਾ ਹੈ, ਉਨ੍ਹਾਂ ਨੇ ਵੀ ਆਪਣੀਆਂ ਦੁਕਾਨਾਂ ਨਹੀਂ ਖੋਲੀਆਂ। ਸਪਲਾਈ ਲੈਣ ਵਿੱਚ ਮੁਸ਼ਕਿਲਾਂ ਨੇ ਉਨ੍ਹਾਂ ਨੂੰ ਪ੍ਰੇਸ਼ਾਨ ਕਰ ਦਿੱਤਾ ਸੀ। ਉਨ੍ਹਾਂ ਸਾਰਿਆਂ ਦੀਆਂ ਛੋਟੀਆਂ ਦੁਕਾਨਾਂ ਹਨ ਜਿਹੜੀਆਂ ਸਿਰਫ 12 ਫੁੱਟ ਲੰਬੀਆਂ ਅਤੇ 10 ਫੁੱਟ ਚੌੜੀਆਂ ਹਨ, ਇੱਕ ਤੰਗ ਰਸਤੇ ਦੇ ਨਾਲ ਜਿਸ ਵਿੱਚੋਂ ਜ਼ਿਆਦਾਤਰ ਵਿਅਕਤੀ ਕੁਝ 3 ਜਾਂ 4 ਫੁੱਟ ਤੱਕ ਹੀ ਦੁਕਾਨ ਵਿੱਚ ਆ ਸਕਦਾ ਹੈ। ਇਸ ਇਮਾਰਤ ਵਿੱਚ 4 ਅਜਿਹੀਆਂ ਦੁਕਾਨਾਂ ਹਨ: ਇੱਕ ਜੁੱਤੇ ਦੀ, ਦੂਜੀ ਰੈਡੀਮੇਡ ਕੱਪੜਿਆਂ ਦੀ, ਇੱਕ "ਫੈਨਸੀ" ਸਟੋਰ ਅਤੇ ਉਸਦੀ ਆਪਣੀ। ਉੱਪਰ ਇੱਕ ਇੰਟਰਨੈੱਟ ਕੈਫੇ ਅਤੇ ਇੱਕ ਫੋਟੋ ਸਟੂਡੀਓ ਅਤੇ ਇੱਕ ਪ੍ਰਾਪਰਟੀ ਡੀਲਰ ਦੀ ਦੁਕਾਨ ਹੈ ਜਿਸਨੂੰ ਗੱਲਾਂ ਦਾ ਕੜਾਹ ਹੀ ਬਣਾਉਣਾ ਆਉਂਦਾ ਹੈ। ਇਹ ਸਾਰੇ ਹੁਣ ਸਿਰਫ ਬੰਦ ਹੀ ਨਹੀਂ ਹੋਏ, ਲੱਗ ਰਿਹਾ ਹੈ ਕਿ ਉਹ ਸ਼ਾਇਦ ਇੱਕ ਮਹੀਨੇ ਦੇ ਕਾਰੋਬਾਰ ਦੇ ਨੁਕਸਾਨ ਤੋਂ ਮੁੜ ਉੱਭਰ ਨਾ ਪਾਉਣ। ਸੁਰਜੀਤ ਉਨ੍ਹਾਂ ਦੇ ਮੁਕਾਬਲੇ ਬਿਹਤਰ ਹਾਲਾਤ ਵਿੱਚ ਹੈ.




ਆਮ ਦਿਨਾਂ ਤੇ ਸੁਰਜੀਤ ਸਵੇਰੇ ਤੋਂ ਰਾਤ ਤਕ ਦੁਕਾਨ 'ਤੇ ਰਹਿੰਦਾ ਹੈ। ਉਸਦਾ ਪੁੱਤਰ ਜੱਸੀ, ਜੋ ਨੌਂਵੀ ਜਮਾਤ ਵਿੱਚ ਹੈ, ਉਸਦੀ ਜਗ੍ਹਾ ਦੁਕਾਨ 'ਤੇ ਬੈਠਦਾ ਹੈ ਜਦੋਂ ਉਹ ਦੁਪਹਿਰ ਦੇ ਖਾਣੇ ਅਤੇ ਆਰਾਮ ਕਰਨ ਲਈ ਘਰ ਜਾਂਦਾ ਹੈ। ਉਸਦਾ ਪੁੱਤਰ ਕੁਝ ਅਮੀਰ ਗਾਹਕਾਂ ਨੂੰ ਕਰਿਆਨੇ ਦੀ ਡਿਲਿਵਰੀ ਕਰਦਾ ਹੈ ਜੋ ਫ਼ੋਨ 'ਤੇ ਆਰਡਰ ਦਿੰਦੇ ਹਨ।

ਹੁਣ ਜਦੋਂ ਤਾਲਾਬੰਦੀ ਹੋਏ ਕੁੱਝ ਸਮਾਂ ਲੰਘ ਗਿਆ ਅਤੇ ਮਹੌਲ ਕੁੱਝ ਠੰਡਾ ਹੋ ਗਿਆ ਹੈ, ਉਹ ਦੁਕਾਨ ਹੁਣ ਦੁਬਾਰਾ ਖੋਲ ਸਕਦਾ ਹੈ। ਸੁਰਜੀਤ ਥਾਣੇ ਗਿਆ ਅਤੇ ਉਨ੍ਹਾਂ ਸਹਿਮਤੀ ਦਿੱਤੀ ਕਿ ਕਰਿਆਨੇ ਦੀਆਂ ਦੁਕਾਨਾਂ ਖੁੱਲ੍ਹ ਸਕਦੀਆਂ ਹਨ। ਉਸਨੂੰ ਇੱਕ ਹਿਦਾਇਤ ਸ਼ੀਟ ਦਿੱਤੀ ਗਈ ਹੈ (ਸਰਕਾਰ ਦੁਆਰਾ ਜਾਰੀ ਕੀਤੀ ਅਤੇ ਪੁਲਿਸ ਦੁਆਰਾ ਵੰਡੀਆਂ ਗਈਆਂ), ਜਿਸ ਵਿੱਚ ਲਿਖਿਆ ਗਿਆ ਹੈ ਉਸਨੂੰ ਕੀ ਕਰਨਾ ਅਤੇ ਕੀ ਨਹੀਂ ਕਰਨਾ ਚਾਹੀਦਾ.

ਗਾਹਕਾਂ ਨੂੰ ਅੰਦਰ ਨਾ ਆਉਣ ਦੇਣਾ:
ਵੈਸੇ ਵੀ ਉਸਦੀ ਦੁਕਾਨ ਅੰਦਰ ਇੱਕ ਆਦਮੀ ਹੀ ਆ ਸਕਦਾ ਹੈ ਅਤੇ ਜੇ ਸੁਰਜੀਤ ਤੇ ਜੱਸੀ ਦੋਵੇਂ ਦੁਕਾਨ ਵਿੱਚ ਨੇਂ ਤਾ ਹੋਰ ਕਿਸੇ ਦਾ ਅੰਦਰ ਆਉਣਾ ਸੰਭਵ ਨਹੀ ਹੈ। ਇਸ ਲਈ ਇਸਦਾ ਪਾਲਣ ਕਰਨਾ ਤੇ ਸੌਖਾ ਹੈ!

ਸੁਨਿਸ਼ਚਿਤ ਕਰਨਾ ਕਿ ਗਾਹਕ ਸਰੀਰਕ ਦੂਰੀ ਨੂੰ ਬਣਾਈ ਰੱਖਣ:
ਉਸਨੇ ਬਾਹਰ 6-6 ਫੁੱਟ ਦੀ ਦੂਰੀ ਤੇ ਚਾੱਕ ਦੇ ਚੱਕਰ ਬਣਾਏ ਹਨ ਪਰ ਉਸਨੂੰ ਸ਼ੱਕ ਹੈ ਕਿ ਗਾਹਕ ਇਸ ਦੀ ਧਿਆਨ ਨਾਲ ਪਾਲਣਾ ਕਰਨਗੇ। ਉਹ ਇੱਕ ਲਿਖਤ ਪੋਸਟਰ ਵੀ ਲਗਾਏਗਾ ਜਿਸ ਵਿੱਚ ਹਰ ਇੱਕ ਨੂੰ ਸਿਰਫ ਦਾਇਰੇ ਦੇ ਅੰਦਰ ਖੜੇ ਰਹਿਣ ਲਈ ਕਿਹਾ, ਜੋ ਲੋਕਾਂ ਦੀਆਂ ਸਟਾਪੂ ਵਾਲੀਆਂ ਯਾਦਾਂ ਤਾਜ਼ੀਆਂ ਕਰੇਗਾ । ਉਹ ਜੱਸੀ ਨੂੰ ਸਮੇਂ-ਸਮੇਂ ਸਿਰ ਚੱਕਰ ਗੂੜੇ ਕਰਨ ਲਈ ਕਹੇਗਾ।



ਸੁਰਜੀਤ ਲਈ ਸਮਾਨ ਲਿਆਉਂਦੇ ਸਮੇਂ ਸਰੀਰਕ ਦੂਰੀ ਬਣਾਈ ਰੱਖਣਾ ਸੌਖਾ ਹੈ। ਅੱਜ-ਕੱਲ ਚੀਜ਼ਾਂ ਇੰਨੀਆਂ ਘੱਟ ਆ ਰਹੀਆਂ ਹਨ, ਕਿ ਉਸਨੂੰ ਹੁਣ ਇਸ ਬਾਰੇ ਕੋਈ ਚਿੰਤਾ ਨਹੀਂ ਹੈ, ਵੈਸੇ ਵੀ, ਬਹੁਤ ਸਾਰੇ ਲੋਕ ਜੋ ਸਮਾਨ ਪਹੁੰਚਾਉਂਦੇ ਹਨ ਉਹ ਇਕੱਠੇ ਨਹੀਂ ਆਉਂਦੇ। ਹਾਲਾਂਕਿ ਸੁਰਜੀਤ ਖੁਦ ਵੀ ਥੋਕ ਬਾਜ਼ਾਰ ਵਿੱਚ ਜਾਂਦਾ ਸੀ ਅਤੇ ਚੀਜ਼ਾਂ ਖਰੀਦਦਾ ਸੀ, ਪਰ ਸ਼ਾਇਦ ਇਨ੍ਹਾਂ ਦਿਨਾਂ ਵਿੱਚ ਅਜਿਹਾ ਕਰਨਾ ਮੁਸ਼ਕਿਲ ਹੋਵੇਗਾ। ਬੱਸਾਂ ਨਹੀਂ ਚੱਲ ਰਹੀਆਂ, ਅਤੇ ਉਸਨੂੰ ਸਕੂਟਰ ਤੇ ਜਾਣ ਦੀ ਇਜਾਜ਼ਤ ਨਹੀ ਹੈ।

ਸੁਰਜੀਤ ਨੇ ਆਪਣੇ ਚਿਹਰੇ 'ਤੇ ਮਾਸਕ ਪਾਇਆ ਹੋਇਆ ਹੈ, ਘਰ 'ਚ ਕੁਝ ਹੋਰ ਕੱਪੜੇ ਦੇ ਮਾਸਕ ਪਏ ਹਨ ਅਤੇ ਉਹ ਉਨ੍ਹਾਂ ਨੂੰ ਧੋਣ ਤੋਂ ਬਾਅਦ ਦੁਬਾਰਾ ਇਸਤੇਮਾਲ ਕਰੇਗਾ। ਪਰ ਦਸਤਾਨੇ, ਸਾਰੇ ਸਰੀਰ ਦੀ ਰੱਖਿਆ ਕਰਨ ਵਾਲੇ ਕੱਪੜੇ? ਉਸਦੇ ਕੋਲ ਇਹਨਾਂ ਵਿੱਚੋਂ ਕੁਝ ਵੀ ਨਹੀਂ ਹੈ, ਅਤੇ ਕੀ ਉਹ ਦਿੱਲੀ ਦੀ ਗਰਮੀ ਵਿੱਚ ਇਹਨਾਂ ਨੂੰ ਪਹਿਨ ਕੇ ਕੰਮ ਕਰਨ ਯੋਗ ਹੋਵੇਗਾ। ਉਹ ਇਹ ਸਾਰੀਆਂ ਚੀਜ਼ਾਂ ਕਿੱਥੋਂ ਲਿਆਏਗਾ? ਸਾਰੀਆਂ ਦੁਕਾਨਾਂ ਤੇ ਬੰਦ ਹਨ.

ਉਹ ਗਾਹਕਾਂ ਨਾਲ ਮਾਸਕ ਪਹਿਨਣ ਬਾਰੇ ਗੱਲ ਕਰੇਗਾ, ਪਰ ਉਹ ਕਿਸੇ 'ਤੇ ਜ਼ੋਰ ਪਾ ਕੇ ਕਿਵੇਂ ਕਹਿ ਸਕਦਾ ਹੈ? ਕੀ ਪੁਲਿਸ ਆ ਕੇ ਉਸਦੀ ਮਦਦ ਕਰੇਗੀ?



ਸੁਰਜੀਤ ਨੇ ਅਖਬਾਰ ਵਿੱਚ ਪੜ੍ਹਿਆ ਕਿ ਸਾਬਣ ਵਾਇਰਸ ਨੂੰ ਨਸ਼ਟ ਕਰਦਾ ਹੈ। ਸਾਬਣ ਉਸ ਕੋਲ ਕਾਫ਼ੀ ਹੈ! ਉਹ ਸਾਬਣ ਵਾਲੇ ਪਾਣੀ ਦੀਆਂ ਬਾਲਟੀਆਂ ਰੱਖਣ ਦੀ ਯੋਜਨਾ ਬਣਾ ਰਿਹਾ ਹੈ, ਉਨ੍ਹਾਂ ਨੂੰ ਵੀ ਬਦਲਦਾ ਰਹੇਗਾ। ਵਧੇਰੇ ਸਾਵਧਾਨੀ ਵਰਤਣ ਲਈ, ਉਹ ਹਰ ਘੰਟੇ ਹਰ ਸਤਹਾ ਨੂੰ ਸਾਬਣ ਵਾਲੇ ਪਾਣੀ ਨਾਲ ਖੁਦ ਸਾਫ਼ ਕਰੇਗਾ। ਉਸਨੇ ਇਹ ਵੀ ਫੈਸਲਾ ਲਿਆ ਹੈ ਕਿ ਉਹ ਖੰਘ ਨਾਲ ਪੀੜਤ ਕਿਸੇ ਵੀ ਵਿਅਕਤੀ ਨੂੰ ਦੁਕਾਨ ਦੀ ਕਿਸੇ ਵੀ ਸਮੱਗਰੀ ਦੇ ਨੇੜੇ ਨਹੀਂ ਆਉਣ ਦੇਵੇਗਾ। ਉਨ੍ਹਾਂ ਨੂੰ ਬਾਹਰ ਖੜੇ ਰਹਿਣਾ ਪਏਗਾ ਅਤੇ ਉਹਨਾਂ ਦੀ ਬਾਹਰ ਸੇਵਾ ਕੀਤੀ ਜਾਏਗੀ। ਉਸਨੇ ਜੱਸੀ ਨੂੰ ਧਿਆਨ ਨਾਲ ਨਿਰਦੇਸ਼ ਦਿੱਤਾ ਕਿ ਦੁਕਾਨ ਦੇ ਅੰਦਰ ਕੀ-ਕੀ ਕਰਨਾ ਹੈ।

ਹੁਣ ਘਰ-ਘਰ ਸਮਾਨ ਦੀ ਡਿਲਿਵਰੀ ਮਿਲਣ ਦੀ ਉਮੀਦ ਹੈ, ਹਾਲਾਂਕਿ ਸਿਰਫ ਗੁਆਂਢਲੇ ਘਰਾਂ ਲਈ। ਸੁਰਜੀਤ ਤਾਲਾਬੰਦੀ ਦੌਂਰਾਨ ਜੱਸੀ ਨੂੰ ਸਾਈਕਲ 'ਤੇ ਦੂਰ ਭੇਜਣ ਦਾ ਜੋਖਮ ਨਹੀਂ ਲੈਣਾ ਚਾਹੁੰਦਾ। ਕਿਸੇ ਵੀ ਸਥਿਤੀ ਵਿੱਚ, ਜੱਸੀ ਇੱਕ ਮਾਸਕ ਪਾਏਗਾ, ਕਿਸੇ ਘਰ ਵਿੱਚ ਦਾਖ਼ਲ ਨਹੀਂ ਹੋਵੇਗਾ, ਸਮਾਨ ਵਾਲਾ ਲਿਫਾਫਾ ਬਾਹਰ ਛੱਡ ਦੇਵੇਗਾ, ਗਾਹਕ ਦਾ ਬਾਹਰ ਆਕੇ ਸਮਾਨ ਲਿਜਾਣ ਦਾ ਇੰਤਜ਼ਾਰ ਕਰੇਗਾ। ਗਾਹਕ ਨੂੰ ਉਹ ਪੈਸੇ ਇੱਕ ਛੋਟੀ ਟੋਕਰੀ ਵਿੱਚ ਪਾਉਣ ਲਈ ਕਹੇਗਾ । ਸੁਰਜੀਤ ਵਾਰ-ਵਾਰ ਜੱਸੀ ਨੂੰ ਡਿਲਿਵਰੀ ਕਰਦੇ ਸਮੇਂ ਸਾਵਧਾਨੀ ਰੱਖਣ ਲਈ ਸਮਝਾਇਆ। ਜੇ ਜੱਸੀ ਨੂੰ ਖੰਘ ਜਾਂ ਬੁਖਾਰ ਦੇ ਲੱਛਣ ਹੋਣੇ ਸ਼ੁਰੂ ਹੋ ਗਏ, ਤਾਂ ਡਿਲਿਵਰੀ ਨੂੰ ਰੋਕਣਾ ਪਏਗਾ ਅਤੇ ਦੁਕਾਨ ਨੂੰ ਕਿਸੇ ਵੀ ਤਰ੍ਹਾਂ ਬੰਦ ਕਰਨਾ ਪਏਗਾ। ਜੱਸੀ ਅਜੇ ਬੱਚਾ ਹੈ ਅਤੇ ਕਾਫੀ ਉਤਸ਼ਾਹਿਤ ਹੈ, ਪਰ ਸੁਰਜੀਤ ਬਹੁਤ ਚਿੰਤਤ ਹੈ।



ਸੁਰਜੀਤ ਦੀ ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਪੂਰੀ ਇਮਾਰਤ ਵਿਚ ਹਰੇਕ ਲਈ ਇਕ ਹੀ ਛੋਟਾ ਅਤੇ ਗੰਦਾ ਟਾਇਲਟ ਹੈ। ਦਸ ਦਿਨਾਂ ਤੋਂ ਕੋਈ ਵੀ ਉੱਥੇ ਨਹੀਂ ਆਇਆ, ਇਸ ਲਈ ਦਸ ਦਿਨਾਂ ਤੋਂ ਪਾਣੀ ਅਤੇ ਬਿਜਲੀ ਦੋਵੇਂ ਬੰਦ ਹਨ। ਉਹਨਾ ਨੂੰ ਬਿਜਲੀ ਅਤੇ ਪਾਣੀ ਚਲਾਉਣ ਲਈ ਦੁਬਾਰਾ ਮਕਾਨ ਮਾਲਕ ਨਾਲ ਲੜਨਾ ਪਏਗਾ। ਪਾਣੀ ਚੱਲਣਾ ਸ਼ੁਰੂ ਤੇ ਹੋ ਗਿਆ ਹੈ, ਪਰ ਰੰਗ ਪਰਨਾਲੇ ਦੇ ਪਾਣੀ ਵਰਗਾ ਹੈ।

ਸੁਰਜੀਤ ਨੇ ਪੂਰੀ ਤਿਆਰੀ ਕੀਤੀ ਹੈ ਕਿ ਉਹ ਆਪਣੇ ਗਾਹਕਾਂ ਤੱਕ ਜ਼ਰੂਰੀ ਸਮਾਨ ਆਪਣੀ ਅਤੇ ਉਨ੍ਹਾਂ ਦੀ ਸੁਰੱਖਿਆ ਦਾ ਧਿਆਨ ਰੱਖਦੇ ਪਹੁੰਚਾਂ ਸਕੇ। ਉਸ ਨੂੰ ਆਪਣੀ ਦੁਕਾਨ ਸਾਫ਼ ਅਤੇ ਰੋਗਾਣੂ ਮੁਕਤ ਕਰਨ ਲਈ ਸਿਰਫ ਕਾਫੀ ਮਾਤਰਾ ਵਿੱਚ ਪਾਣੀ ਦੀ ਲੋੜ ਹੈ।

